-1-

# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,

ਸਿੱਖਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ ਨਗਰ
ਫੋਨ ਨੰ:0172-5212313,5212322 Website: www.ssapunjab.org

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ: ਸਸਅ/ਐਮਸੀ/2015/1273
ਮਿਤੀ: 9-10-2015

**ਵਿਸ਼ਾ:-** **ਸਕੂਲ ਦੇ ਵਿਦਿਆਰਥੀਆਂ ਲਈ Water Conservation 2015 ਪੇਟਿੰਗ ਮੁਕਾਬਲਾ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਮੇਂ ਸਮੇਂ ਕੀਤੇ ਜਾ ਰਹੇ ਸਰਵੇਖਣ, ਰਿਪੋਰਟਾਂ ਇਸ ਵੱਲ ਸੰਕੇਤ ਕਰ ਰਹੀਆਂ ਹਨ ਕਿ, ਭਾਰਤ ਵਿੱਚ ਬਹੁਤ ਸਾਰੇ ਰਾਜਾਂ ਵਿੱਚ ਪਾਣੀ ਦੀ ਘਾਟ ਦੀ ਸਮੱਸਿਆ ਅਤੇ ਪਾਣੀ ਦੀ ਗੁਣਵੱਤਾ ਦਿਨੋ ਦਿਨ ਘਟਦੀ ਜਾ ਰਹੀ ਹੈ। ਜਿਸ ਕਰਕੇ ਕੇਂਦਰੀ ਅਤੇ ਰਾਜ ਸਰਕਾਰ ਇਸ ਆਉਣ ਵਾਲੇ crisis ਬਾਰੇ ਪੂਰੀ ਤਰ੍ਹਾਂ ਚਿੰਤਿਤ ਹਨ। ਇਸ ਸਬੰਧੀ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਸਕੂਲੀ ਵਿਦਿਆ ਦੇ ਨਾਲ ਨਾਲ, ਦਿਨੋ ਦਿਨ ਘੱਟ ਰਹੇ ਪਾਣੀ ਦੇ ਪੱਧਰ ਅਤੇ ਇਸ ਦੀ ਸੁਰੱਖਿਅਣ ਲਈ ਜਾਗਰੂਕ ਕਰਨਾ ਅਤਿ ਜਰੂਰੀ ਹੈ।

2.0 ਇਸ ਗੱਲ ਨੂੰ ਮੱਦੇਨਜ਼ਰ ਰੱਖਦਿਆ ਹੋਇਆ ਭਾਰਤ ਸਰਕਾਰ ਦੇ water resource ਦੇ ਮੰਤਰਾਲੇ ਵੱਲੋਂ Central Ground Water Board, North Western Region, Bhujal Bhawan, 3B, Sector 27 A, Chandigarh ਦੇ ਰਾਹੀਂ ਛੇਵੀਂ, ਸਤਵੀਂ ਅਤੇ ਅੱਠਵੀਂ ਦੇ ਵਿਦਿਆਰਥੀਆਂ ਲਈ, ਪੇਟਿੰਗ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਇਸ ਮੁਕਾਬਲੇ ਸਬੰਧੀ ਹਦਾਇਤਾਂ ਇਸ ਪ੍ਰਕਾਰ ਹਨ:-

1) ਇਹ ਮੁਕਾਬਲਾ ਸਕੂਲ ਪੱਧਰ ਤੋਂ ਲੈ ਕੇ, ਰਾਜ ਪੱਧਰ ਅਤੇ ਕੌਮੀ ਪੱਧਰ ਤੱਕ ਹੋਵੇਗਾ।
2) ਇਸ ਮੁਕਾਬਲਾ ਵਿੱਚ ਸਕੂਲ ਪੱਧਰ ਤੇ ਛੇਵੀਂ, ਸਤੱਵੀਂ ਅਤੇ ਅੱਠਵੀਂ ਜਮਾਤ ਵਿੱਚ ਪੜ੍ਹਦੇ ਸਾਰੇ ਵਿਦਿਆਰਥੀ ਹਿੱਸਾ ਲੈਣਗੇ। ਭਾਗ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ, ਭਾਗ ਲੈਣ ਦਾ ਸਰਟੀਫਿਕੇਟ ਵੀ ਦਿੱਤਾ ਜਾਵੇਗਾ।
3) ਰਾਜ ਪੱਧਰ ਦਾ ਪੇਟਿੰਗ ਮੁਕਾਬਲਾ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਇਨਾਮ ਦਿੱਤੇ ਜਾਣਗੇ:

   ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਰੁ. 10,000/- ਨਗਦ

   ਦੂਸਰਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਰੁ. 8000/- ਨਗਦ

   ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਰੁ. 5000/- ਨਗਦ

   ਇਸ ਤੋਂ ਇਲਾਵਾ ਰਾਜ ਪੱਧਰ ਤੇ 1000 ਰੁਪਏ ਵਾਲੇ ਦਸ consolation ਇਨਾਮ ਦਿੱਤੇ ਜਾਣਗੇ।
4) **ਸਕੂਲ ਪੱਧਰ ਤੇ ਪੇਟਿੰਗ ਮੁਕਾਬਲਾ :-** ਸਕੂਲ ਮੁੱਖੀ, ਇਹ ਪੇਟਿੰਗ ਮੁਕਾਬਲਾ, ਆਪਣੇ ਪੱਧਰ ਤੇ ਦੋ ਘੰਟਿਆ ਲਈ, ਮਿਤੀ 20.10.2015 ਅਤੇ 21.10.2015 ਤੱਕ ਕਰਵਾਉਣਗੇ।
5) ਵਿਦਿਆਰਥੀ ਪੇਟਿੰਗ , ਘੱਟੋ ਘੱਟ A3/A4 size ਦੇ (ਹਾਲਾਂਕਿ, ਕਿਸੇ ਵੀ ਸਾਇਜ਼ ਦੇ ਪੇਪਰ ਅਤੇ ਟਾਈਪ ਦੇ ਪੇਪਰ ਦੀ ਕੋਈ ਮਨਾਹੀ ਨਹੀਂ), ਪੇਂਟ, ਰੰਗ, Crayon, Water Colours ਵਰਤ ਸਕਦੇ ਹਨ।

6) ਸਕੂਲ ਪੱਧਰ ਤੇ ਕਰਵਾਏ ਜਾਣ ਵਾਲੇ ਮੁਕਾਬਲੇ ਦਾ ਥੀਮ ਹੇਠ ਲਿਖੇ ਅਨੁਸਾਰ ਹੈ:-

- Stop River Pollution
- Nirmal Nadi
- Contamionation of Ground Water with Arsenic and other contamination issues

7) ਇਸ ਲਈ ਸਮੂਹ ਸਕੂਲ ਮੁੱਖੀ, ਇਸ ਪੇਟਿੰਗ ਮੁਕਾਬਲਾ ਕਰਵਾਉਣ ਵਾਲੇ ਅਧਿਆਪਕ ਨੂੰ ਹਦਾਇਤ ਕਰਨ ਕਿ, ਉਹ ਵਿਦਿਆਰਥੀਆਂ ਨੂੰ ਪੇਟਿੰਗ ਮੁਕਾਬਲੇ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਇਹਨਾਂ ਗੱਲਾਂ ਦੀ ਪੂਰੀ ਜਾਣਕਾਰੀ ਦੇਣ ਅਤੇ ਗਾਈਡ ਕਰਨ ਕਿ ਤਾਂ ਜੋ ਇਸ ਮੁਕਾਬਲੇ ਰਾਹੀਂ, ਕੁਦਰਤੀ ਦਾਤ, ਪਾਣੀ ਦੇ ਸੁਰੱਖਿਅਣ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦਾ ਮੰਤਵ ਪੂਰਾ ਹੋ ਸਕੇ।

8) ਪੇਟਿੰਗ ਕਰਨ ਵਾਲੇ ਵਿਦਿਆਰਥੀਆਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਜਿਸ ਪੇਪਰ/ਚਾਰਟ ਤੇ ਉਹਨਾਂ ਨੇ ਪੇਟਿੰਗ ਬਣਾਈ ਹੈ, ਉਸਦਾ ਹਾਸ਼ੀਆ ਵੀ ਉਲੀਕਿਆ ਜਾਵੇ ਅਤੇ ਪੇਪਰ-ਚਾਰਟ ਦੀ ਬੇਸ ਨੂੰ ਵੀ ਹਲਕੇ ਰੰਗਾਂ ਨਾਲ ਜਚਾਇਆ ਜਾਵੇ।

9) ਹਰੇਕ ਪੇਟਿੰਗ ਦੇ ਪਿਛਲੇ ਪਾਸੇ ਹੇਠਾਂ ਦਿੱਤੇ ਫਾਰਮੈਟ ਅਨੁਸਾਰ ਗਾਈਡ ਅਧਿਆਪਕ ਲੋੜੀਂਦੀ ਸੂਚਨਾਂ ਦਰਜ ਕਰਵਾਉਣ:

| | | |
|---|---|---|
| Name of the Student | Father's/Mother's Name | Tel/Mobile No. of Parents |
| Standard | Roll No | E-Mail ID of Student (if any) |
| School Name & Address | School Located in Urban/Rural | School Tel No/Mob No./E-mail |
| State/UT | Signature of the School Principal | |

10) ਸਕੂਲ ਮੁੱਖੀ ਦੇ ਹਸਤਾਖਰ ਬਗੈਰ, ਨੋਡਲ ਅਫਸਰ ਨੂੰ ਸਿੱਧੀ ਭੇਜੀਆਂ ਗਈਆਂ ਪੇਟਿੰਗਜ਼ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।

11) ਹਰ ਸਕੂਲ ਮੁੱਖੀ ਹਰ ਜਮਾਤ ਵਿੱਚੋਂ ਤਿੰਨ ਉੱਤਮ ਪੇਟਿੰਗ ਚੁਣ ਕੇ, ਸਬੰਧਤ ਨੋਡਲ ਅਫਸਰ ਨੂੰ ਭੇਜਣਗੇ। ਕੋਈ ਵੀ ਪੇਟਿੰਗ ਮੁੱਖ ਦਫ਼ਤਰ ਨੂੰ ਨਾ ਭੇਜੀ ਜਾਵੇ।

12) ਸਕੂਲ ਪੱਧਰੀ ਪੇਟਿੰਗ ਮੁਕਾਲਬਲਾ ਮਿਤੀ 20 ਅਕਤੂਬਰ, 2015 ਅਤੇ 21 ਅਕਤੂਬਰ, 2015 ਨੂੰ ਕਰਵਾਇਆ ਜਾਵੇਗਾ।

13) ਹਰ ਸਕੂਲ ਸਟੇਟ ਨੋਡਲ ਅਫਸਰ ਨੂੰ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਲਿਸਟ ਵੀ ਭੇਜੇਗਾ।

14) ਇਸ ਪੱਧਰ ਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ Regional Director, CGWB ਅਤੇ Member Secreatry, CGWB ਵੱਲੋਂ ਉੱਕਤ ਪੇਟਿੰਗ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ।

15) ਸਟੇਟ ਲੈਵਲ ਪੇਟਿੰਗ ਮੁਕਾਬਲਾ :- ਰਾਜ ਪੱਧਰ ਦਾ ਪੇਟਿੰਗ ਮੁਕਾਬਲਾ ਨਵੰਬਰ, 2015 ਵਿੱਚ ਕਰਵਾਇਆ ਜਾਵੇਗਾ।ਇਸ ਮੁਕਾਬਲੇ ਵਿੱਚ ਸਕੂਲਾਂ ਤੋਂ ਭੇਜੀਆਂ 50 ਉੱਤਮ ਪੇਟਿੰਗਜ਼ ਵਾਲੇ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਉਚੇਚੇ ਤੌਰ ਤੇ ਬੁਲਾਇਆ ਜਾਵੇਗਾ। ਇਸ ਪੱਧਰ ਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ Regional Director, CGWB ਅਤੇ Member Secreatry, CGWB ਵੱਲੋਂ ਉੱਕਤ ਪੇਟਿੰਗ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ।

16) ਸਟੇਟ ਲੈਵਲ ਪੇਟਿੰਗ ਮੁਕਾਬਲੇ ਦਾ ਥੀਮ ਮੁਕਾਬਲੇ ਵਾਲੀ ਥਾਂ ਤੇ ਹੀ ਦੱਸਿਆ ਜਾਵੇਗਾ।

17) ਇਸ ਮੁਕਾਬਲੇ ਤੇ ਵਿਦਿਆਰਥੀਆਂ ਦੇ ਦੋ ਮਾਪੇ/Guardians ਨੂੰ ਬੱਸ/ਰੇਲਵੇ ਤੇ ਆਉਣ-ਜਾਣ ਦਾ ਕਿਰਾਇਆ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 50 ਵਿਦਿਆਰਥੀਆਂ ਵਿੱਚ ਹਰ ਇੱਕ ਨੂੰ 1000/- ਰੁਪਏ incidental charge ਵੀ ਦਿੱਤਾ ਜਾਵੇਗਾ।

18) ਵਿਦਿਆਰਥੀਆਂ ਨੂੰ ਡਰਾਇੰਗ ਮੈਟੀਰੀਅਲ ਅਤੇ ਸਬੰਧਤ ਸਮਾਨ CGWB ਵੱਲੋਂ ਮੁਹਈਆ ਕਰਵਾਇਆ ਜਾਵੇਗਾ ਅਤੇ 380mm × 510mm (ਲੱਗਭਗ 15" × 20") ਦੀ ਡਰਾਇੰਗ ਸ਼ੀਟ ਵੀ Regional Offices ਵੱਲੋਂ ਦਿੱਤੀ ਜਾਵੇਗੀ। ਪੇਟਿੰਗ ਦੌਰਾਨ ਕਲਾਜ ਬਣਾਉਣਾ ਜਾਂ patchwork ਕਰਨਾ ਵਰਜਿਤ ਹੈ।

19) ਚੁਣੇ ਗਏ 50 ਵਿਦਿਆਰਥੀ ਆਪਣੀ 2 latest ਪਾਸਪੋਰਟ ਸਾਈਜ਼ ਕਲਰਡ ਫੋਟੋਗ੍ਰਾਫ ਜਮ੍ਹਾਂ ਕਰਵਾਉਣਗੇ।

20) ਸਾਰੇ ਵਿਦਿਆਰਥੀ ਆਪਣਾ ਪਹਿਚਾਣ ਪੱਤਰ ਜਾਂ ਆਪਣੇ ਸਕੂਲ ਪ੍ਰਿੰਸੀਪਲ ਤੋਂ ਆਪਣੀ ਪਹਿਚਾਣ ਸਬੰਧੀ ਪੱਤਰ ਲਿਖਵਾ ਕੇ ਲਿਆਉਣਗੇ। ਰਾਜ ਪੱਧਰ ਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ।

21) ਪਿਛਲੇ ਸਾਲਾਂ ਦੇ ਜੇਤੂ ਵਿਦਿਆਰਥੀ (Consolation prize winner ਨੂੰ ਛੱਡ ਕੇ) ਇਸ ਵਿੱਚ ਭਾਗ ਨਹੀਂ ਲੈ ਸਕਦੇ। ਸਟੇਟ ਪੱਧਰ ਤੇ consolation prize ਜੇਤੂਆਂ ਨੂੰ ਹੀ considered ਕੀਤਾ ਜਾਵੇਗਾ, ਜੇਕਰ ਉਹ ਪਹਿਲਾ, ਦੂਸਰਾ ਜਾਂ ਤੀਸਰਾ ਇਨਾਮ ਜਿਤਦੇ ਹਨ।

**<u>ਕੌਮੀ ਪੱਧਰੀ ਪੇਟਿੰਗ ਮੁਕਾਬਲਾ</u>**

22) ਇਹ ਮੁਕਾਬਲਾ ਦਸੰਬਰ 2015/ਜਨਵਰੀ 2016 ਨੂੰ ਨਵੀਂ ਦਿਲੀ ਵਿਖੇ ਕਰਵਾਇਆ ਜਾਵੇਗਾ ਅਤੇ ਸਟੇਟ ਪੱਧਰ ਤੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਏ ਵਿਦਿਆਰਥੀਆਂ ਨੂੰ ਨਵੀਂ ਦਿਲੀ ਵੱਲੋਂ ਇਸ ਮੁਕਾਬਲੇ ਲਈ ਬੁਲਾਇਆ ਜਾਵੇਗਾ।

23) ਕੌਮੀ ਪੱਧਰੀ ਪੇਟਿੰਗ ਮੁਕਾਬਲੇ ਵਿੱਚ ਪਹਿਲੇ ਸਥਾਨ ਆਉਣ ਵਾਲੇ ਵਿਦਿਆਰਥੀ ਨੂੰ 1,00,000/- ਰੁਪਏ, 4 ਦੂਸਰਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ 50,000/- ਅਤੇ 8 ਤੀਸਰਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ 25,000/- ਰੁਪਏ ਦਿੱਤੇ ਜਾਣਗੇ ਅਤੇ ਇਸ ਤੋਂ ਇਲਾਵਾ ਬਾਕੀ ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ 5000/- ਰੁਪਏ ਨਗਦ ਇਨਾਮ ਦਿੱਤੇ ਜਾਣਗੇ।

24) ਇਸ ਮੁਕਾਬਲੇ ਤੇ ਵਿਦਿਆਰਥੀਆਂ ਨਾਲ ਦੋ ਮਾਪੇ/guardians ਨੂੰ ਬੱਸ/ਰੇਲਵੇ ਤੇ ਆਉਣ-ਜਾਣ ਦਾ ਕਿਰਾਇਆ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 50 ਵਿਦਿਆਰਥੀਆਂ ਵਿੱਚ ਹਰ ਇੱਕ ਨੂੰ 1000/- incidental charge ਵੀ ਦਿੱਤਾ ਜਾਵੇਗਾ।

25) ਨੈਸ਼ਨਲ ਲੈਵਲ ਪੇਟਿੰਗ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਨਵੀਂ ਦਿਲੀ ਵਿਖੇ ਰਹਿਣ ਅਤੇ ਖਾਣ-ਪੀਣ ਦਾ ਖਰਚਾ ਖੁਦ ਕਰਨਾ ਪਵੇਗਾ ਅਤੇ ਉਹਨਾਂ ਨੂੰ ਉੱਕਾ-ਪੁੱਕਾ 3000/- ਰੁਪਏ ਪ੍ਰਤੀ ਵਿਦਿਆਰਥੀ ਰਹਿਣ, ਖਾਣ, transport ਦਾ ਖਰਚਾ ਦਿੱਤਾ ਜਾਵੇਗਾ।

26) ਸਾਰੇ ਵਿਦਿਆਰਥੀ ਮੁਕਾਬਲਾ ਸ਼ੁਰੂ ਹੋਣ ਤੋਂ ਇੱਕ ਘੰਟੇ ਪਹਿਲਾਂ ਮੁਕਾਬਲੇ ਵਾਲੀ ਜਗ੍ਹਾ ਤੇ ਪਹੁੰਚਣਾ ਯਕੀਨੀ ਬਣਾਉਣ ਤਾਂ ਜੋ ਰਜਿਸਟ੍ਰੇਸ਼ਨ ਆਦਿ ਦਾ ਕੰਮ ਮੁਕੰਮਲ ਕੀਤਾ ਜਾ ਸਕੇ।

27) ਵਿਦਿਆਰਥੀਆਂ ਨੂੰ ਡਰਾਇੰਗ ਮੈਟੀਰੀਅਲ ਅਤੇ ਸਬੰਧਤ ਸਮਾਨ CGWB ਵੱਲੋਂ ਮੁਹਈਆ ਕਰਵਾਇਆ ਜਾਵੇਗਾ ਅਤੇ 380mm × 510mm (ਲਗਭਗ 15" × 20") ਦੀ ਡਰਾਇੰਗ ਸ਼ੀਟ ਵੀ Regional Offices ਵੱਲੋਂ ਦਿੱਤੀ ਜਾਵੇਗੀ। ਪੇਟਿੰਗ ਦੌਰਾਨ ਕਲਾਜ ਬਣਾਉਣਾ ਜਾਂ patchwork ਕਰਨਾ ਵਰਜਿਤ ਹੈ।

28) ਚਾਹ ਅਤੇ ਦੁਪਹਿਰ ਦਾ ਖਾਣਾ ਮੁਕਾਬਲੇ ਵਾਲੀ ਥਾਂ ਤੇ ਹੀ ਮੁਹਈਆ ਕਰਵਾਇਆ ਜਾਵੇਗਾ।

29) ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀ ਆਪਣਾ ਪਹਿਚਾਣ ਪੱਤਰ ਜਾਂ ਸਕੂਲ ਪ੍ਰਿੰਸੀਪਲ ਤੋਂ ਹਸਤਾਖਰ ਕੀਤਾ ਹੋਇਆ ਪੱਤਰ ਅਤੇ ਤਿੰਨ ਪਾਸਪੋਰਟ ਸਾਈਜ਼ ਫੋਟੋਗ੍ਰਾਫ ਆਪਣੇ ਨਾਲ ਲੈ ਕੇ ਆਉਣਗੇ।

30) ਇਹ ਮੁਕਾਬਲਾ ਸਵੇਰੇ 10:30 ਵਜੇ ਸ਼ੁਰੂ ਹੋਵੇਗਾ ਅਤੇ ਇਸ ਦਾ ਸਮਾਂ ਦੋ ਘੰਟੇ ਹੋਵੇਗਾ। ਮੁਕਾਬਲੇ ਦਾ ਨਤੀਜਾ 4:00 ਵਜੇ ਘੋਸ਼ਿਤ ਕੀਤਾ ਜਾਵੇਗਾ। ਸਾਰੇ ਭਾਗ ਲੈਣ ਵਾਲੇ ਵਿਦਿਆਰਥੀ ਆਪਣੇ ਮਾਪੇ/guardian ਦੇ ਨਾਲ ਮੁਕਾਬਲੇ ਵਾਲੀ ਥਾਂ ਤੇ ਪ੍ਰੋਗਰਾਮ ਖਤਮ ਹੋਣ ਤੱਕ ਰਹਿਣਗੇ।

3.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ

ਪਿੱਠ ਅੰਕਣ ਨੰ: ਸਸਅ/ਐਮਸੀ/2015/6276 ਮਿਤੀ: 9-10-2015

ਉੱਕਤ ਦਾ ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ
2) ਡੀ.ਐਮ. (ਐਮ.ਆਈ.ਐਸ.)

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ